# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 16-03-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਏ ਕਿ ਜਦੋਂ ਵੀ ਭਾਰਤ ਸ਼ਾਂਤੀ ਦੀ ਗੱਲ ਕਰਦਾ ਏ ਤਾਂ ਦੁਨੀਆ ਉਸ ਨੂੰ ਸੁਣਦੀ ਏ.
- ਪੰਜਾਬ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਬਣਾਉਣ ਦੀ ਵਚਨਬ੍ਧਤਾ ਪੱਕੀ ਕੀਤੀ .
- ਸੂਬੇ ਭਰ ਵਿਚ ਸੂਬਾ ਸਰਕਾਰ ਦੀ ਨਾਕਾਮਯਾਬੀ ਖਿਲਾਫ਼ ਰੋਸ ਮੁਜ਼ਾਹਰੇ ਵੀ ਹੋਏ. ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਏ ਕਿ ਇਸ ਸਰਕਾਰ ਦੇ ਰਾਜ ਵਿੱਚ ਪੰਜਾਬ 30 ਸਾਲ ਪਿੱਛੇ ਚਲਾ ਗਿਆ ਏ।
- ਕੇਂਦਰੀ ਕੱਪੜਾ ਮੰਤਰੀ ਗਿਰੀਰਾਜ ਸਿੰਘ ਨੇ ਪੰਜਾਬ ਸਰਕਾਰ 'ਤੇ ਇਲ੍ਜ਼ਾਮ ਲਾਇਆ ਏ ਕਿ ਇਹ ਲੁਧਿਆਣਾ ਵਿੱਚ ਟੈਕਸਟਾਈਲ

ਸਨਅਤ ਦਾ ਪੱਖ ਨਹੀਂ ਲੈ ਰਹੀ ਕਿਉਂਕਿ ਇਸ ਲਈ ਸੂਬਾ ਸਰਕਾਰ ਦੀ ਕੋਈ ਅਨੁਕੂਲ ਨੀਤੀ ਨਹੀਂ ਏ।

- ਸਰਹੱਦੀ ਸੁਰੱਖਿਆ ਬਲ ਨੇ ਅੱਜ ਫਾਜ਼ਿਲਕਾ ਤੋਂ 5 ਕਿੱਲੋ ਤੋਂ ਵੱਧ ਵਜ਼ਨ ਵਾਲੇ ਹੈਰੋਇਨ ਦੇ 10 ਪੈਕੇਟ ਬਰਾਮਦ ਕੀਤੇ ਨੇ।

-----------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਏ ਕਿ ਜਦੋਂ ਵੀ ਭਾਰਤ ਸ਼ਾਂਤੀ ਦੀ ਗੱਲ ਕਰਦਾ ਏ ਤਾਂ ਦੁਨੀਆ ਉਸ ਨੂੰ ਸੁਣਦੀ ਏ ਕਿਉਂਕਿ ਇਹ ਗੌਤਮ ਬੁੱਧ ਅਤੇ ਮਹਾਤਮਾ ਗਾਂਧੀ ਦੀ ਧਰਤੀ ਏ। ਏਆਈ ਖੋਜਕਰਤਾ ਅਤੇ ਪੋਡਕਾਸਟਰ ਲੈਕਸ ਫ੍ਰਿਡਮੈਨ ਨਾਲ ਇੱਕ ਪੋਡਕਾਸਟ ਵਿੱਚ, ਸ੍ਰੀ ਮੋਦੀ ਨੇ ਕਿਹਾ ਕਿ ਭਾਰਤੀ ਸਦਭਾਵਨਾ ਦੀ ਹਮਾਇਤ ਕਰਦੇ ਨੇ ਅਤੇ ਸ਼ਾਂਤੀ ਲਈ ਖੜ੍ਹੇ ਨੇ. ਰੂਸ-ਯੂਕਰੇਨ ਟਕਰਾਅ 'ਤੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ, ਸ੍ਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਟਕਰਾਅ ਦਾ ਹੱਲ ਉਦੋਂ ਹੀ ਹੋਵੇਗਾ ਜਦੋਂ ਦੋਵੇਂ ਦੇਸ਼ ਗੱਲਬਾਤ ਦੀ ਮੇਜ਼ 'ਤੇ ਆਉਣਗੇ। ਭਾਰਤ-ਚੀਨ ਸਬੰਧਾਂ 'ਤੇ, ਸ੍ਰੀ ਮੋਦੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਪੁਰਾਤਨ ਸੱਭਿਆਚਾਰ ਅਤੇ ਸਭਿਅਤਾਵਾਂ ਨੇ ਅਤੇ ਦੋਵਾਂ ਦੇਸ਼ਾਂ ਵਿਚਕਾਰ ਸਬੰਧ ਨਵੇਂ ਨਹੀਂ ਨੇ. ਉਨ੍ਹਾਂ ਨੇ ਦੱਸਿਆ ਕਿ ਇਕੱਠੇ ਰਲ ਕੇ, ਭਾਰਤ ਅਤੇ ਚੀਨ ਨੇ ਕਿਸੇ ਨਾ ਕਿਸੇ ਤਰੀਕੇ ਨਾਲ

ਵਿਸ਼ਵ ਭਲਾਈ ਵਿੱਚ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਰਾਏ ਦਿੱਤੀ ਕਿ ਭਾਰਤ ਅਤੇ ਚੀਨ ਵਿਚਕਾਰ ਮਜ਼ਬੂਤ ਸਬੰਧ ਭਵਿੱਖ ਵਿੱਚ ਵੀ ਜਾਰੀ ਰਹਿਣੇ ਚਾਹੀਦੇ ਨੇ. ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਗੁਆਂਢੀ ਦੇਸ਼ਾਂ ਵਿਚਕਾਰ ਮਤਭੇਦ ਮੌਜੂਦ ਹਨ ਅਤੇ ਕਦੇ-ਕਦੇ ਮਤਭੇਦ ਹੋਣੇ ਲਾਜ਼ਮੀ ਨੇ .

---------------------------------------------------------------------------------

ਪੰਜਾਬ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਅਮ੍ਰਿਤਸਰ 'ਚ ਸ੍ਰੀ ਹਰਮੰਦਿਰ ਸਾਹਿਬ ਵਿਖੇ ਮਥਾ ਟੇਕਿਆ. ਉਹਨਾਂ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿੱਚ ਪੰਜਾਬ ਲਈ ਚੜ੍ਹਦੀ ਕਲਾ ਦੀ ਅਰਦਾਸ ਕੀਤੀ. ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਓਹਨਾਂ ਕਿਹਾ –BYTE –

---------------------------------------------------------------------------------

ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਸਰਕਾਰ ਦੇ ਅੱਜ ਤਿੰਨ ਸਾਲ ਪੂਰੇ ਹੋਣ'ਤੇ ਕਿਹਾ ਏ ਕਿ ਇਸ ਸਰਕਾਰ ਦੇ ਰਾਜ ਵਿੱਚ ਪੰਜਾਬ 30 ਸਾਲ ਪਿੱਛੇ ਚਲਾ ਗਿਆ ਏ । ਇੱਕ ਬਿਆਨ ਵਿਚ ਉਹਨਾਂ ਕਿਹਾ ਕਿ ਰਾਜ ਵਿੱਚ

ਪਿਛਲੇ ਤਿੰਨ ਸਾਲਾਂ ਵਿੱਚ ਜਿੱਥੇ ਅਮਨ ਕਾਨੂੰਨ ਦੀ ਸਥਿਤੀ ਸਭ ਤੋਂ ਬਦਤਰ ਹਾਲਤ ਵਿੱਚ ਪਹੁੰਚ ਚੁੱਕੀ ਏ ਉੱਥੇ ਹੀ ਰਾਜ ਦੀ ਆਰਥਿਕ ਦਸ਼ਾ ਵੀ ਕਿਸੇ ਤੋਂ ਲੁਕੀ ਹੋਈ ਨਹੀਂ ਏ । ਓਧਰ ਭਾਜਪਾ ਪੰਜਾਬ ਦੇ ਮਹਿਲਾ ਮੋਰਚਾ ਦੇ ਪ੍ਰਧਾਨ ਜੈ ਇੰਦਰ ਕੌਰ ਦੀ ਅਗਵਾਈ ਵਿੱਚ ਵੀ ਭਾਜਪਾ ਵਰਕਰਾਂ ਵੱਲੋਂ ਪਟਿਆਲਾ ਦੇ ਆਰੀਆ ਸਮਾਜ ਚੌਂਕ ਵਿਖੇ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ । ਇਸੇ ਤਰ੍ਹਾਂ ਸੂਬੇ ਭਰ ਵਿਚ ਵਖ – ਵਖ ਥਾਵਾਂ ਤੇ BJP ਵੱਲੋਂ ਪ੍ਰਦਰ੍ਸ਼ਨ ਕੀਤੇ ਗਏ ਨੇ.

---------------------------------------------------------------------------------

ਕੇਂਦਰੀ ਕੱਪੜਾ ਮੰਤਰੀ ਗਿਰੀਰਾਜ ਸਿੰਘ ਨੇ ਪੰਜਾਬ ਸਰਕਾਰ 'ਤੇ ਇਲ੍ਜ਼ਾਮ ਲਾਇਆ ਏ ਕਿ ਇਹ ਲੁਧਿਆਣਾ ਵਿੱਚ ਟੈਕਸਟਾਈਲ ਸਨਅਤ ਦਾ ਪੱਖ ਨਹੀਂ ਲੈ ਰਹੀ ਕਿਉਂਕਿ ਇਸ ਲਈ ਸੂਬਾ ਸਰਕਾਰ ਦੀ ਕੋਈ ਅਨੁਕੂਲ ਨੀਤੀ ਨਹੀਂ ਏ । ਅੱਜ ਲੁਧਿਆਣਾ ਵਿੱਚ ਮੀਡੀਆ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਇਹ ਬੇਹਦ ਦੁੱਖ ਦੀ ਗੱਲ ਏ ਕਿ ਪੰਜਾਬ ਨੇ ਪ੍ਰਧਾਨ ਮੰਤਰੀ ਮਿੱਤਰਾ ਯੋਜਨਾ ਦਾ ਲਾਭ ਲੈਣ ਤੋਂ ਇਨਕਾਰ ਕਰ ਦਿੱਤਾ, ਜਿਸਦਾ ਉਦੇਸ਼ ਭਾਰਤੀ ਟੈਕਸਟਾਈਲ ਸਨਅਤ ਨੂੰ
ਮਜ਼ਬੂਤ ਕਰਨ ਅਤੇ ਇਸਦੀ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਨੂੰ ਵਧਾਉ

ਣ ਲਈ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਵਾਲੇ ਏਕੀਕ੍ਰਿਤ, ਤੇ ਵੱਡੇ ਪੱਧਰ ਦੇ ਟੈਕਸਟਾਈਲ ਪਾਰਕ ਕਾਇਮ ਕਰਨਾ ਏ । ਉਨ੍ਹਾਂ ਕਿਹਾ ਕਿ ਕੇਂਦਰ, ਇਹ ਯੋਜਨਾ ਪੰਜਾਬ ਨੂੰ ਲੁਧਿਆਣਾ ਸਥਿਤ ਟੈਕਸਟਾਈਲ ਸਨਅਤ ਲਈ 1 ਹਜ਼ਾਰ ਕਰੋੜ ਰੁਪਏ ਦੇ ਸ਼ੁਰੂਆਤੀ ਨਿਵੇਸ਼ ਨਾਲ ਦੇਣਾ ਚਾਹੁੰਦਾ ਸੀ। ਇਸ ਨਾਲ 1 ਲੱਖ ਵਾਧੂ ਰੁਜ਼ਗਾਰ ਪੈਦਾ ਹੋ ਸਕਦਾ ਸੀ, ਪਰ ਅਜਿਹਾ ਲਗਦਾ ਏ ਕਿ ਸੂਬਾ ਸਰਕਾਰ ਇੱਥੋਂ ਟੈਕਸਟਾਈਲ ਸਨਅਤ ਨੂੰ ਪੁੱਟਣਾ ਚਾਹੁੰਦੀ ਏ । ਉਨ੍ਹਾਂ ਕਿਹਾ ਕਿ ਅਜਿਹਾ ਇਸ ਕਰਕੇ ਹੋ ਸਕਦਾ ਏ ਕਿਉਂਕਿ ਪੰਜਾਬ ਸਰਕਾਰ ਇੱਕ ਕਠਪੁਤਲੀ ਸਰਕਾਰ ਏ, ਜਿਸਦੀਆਂ ਤਾਰਾਂ ਕਿਸੇ ਹੋਰ ਦੇ ਹੱਥਾਂ ਵਿੱਚ ਨੇ ਜੋ ਪਹਿਲਾਂ ਹੀ ਦਿੱਲੀ'ਚ ਹਾਰ ਚੁਕਿਆ ਏ । ਸ਼੍ਰੀ ਗਿਰੀਰਾਜ, ਜੋ ਲੁਧਿਆਣਾ ਦੇ ਦੋ ਦਿਨਾਂ ਦੌਰੇ 'ਤੇ ਸਨ, ਨੇ ਕਿਹਾ ਕਿ ਉਨ੍ਹਾਂ ਨੇ ਇੱਥੇ ਬਹੁਤ ਸਾਰੇ ਸਨਅਤਕਾਰਾਂ ਅਤੇ ਹੋਰ ਲੋਕਾਂ ਨਾਲ ਗੱਲਬਾਤ ਕੀਤੀ ਏ । ਉਨ੍ਹਾਂ ਕਿਹਾ ਕਿ ਸਨਅਤਕਾਰ ਚਿੰਤਤ ਨੇ. ਮੰਤਰੀ ਨੇ ਕਿਹਾ ਕਿ ਕੇਂਦਰ ਰਾਜ ਦੇ ਵਿਕਾਸ ਲਈ ਰਾਜ ਸਰਕਾਰ ਨਾਲ ਤਾਲਮੇਲ ਵਿੱਚ ਕੰਮ ਕਰਨਾ ਚਾਹੁੰਦਾ ਏ । ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਇੱਕ ਅਹਿਮ ਰਾਜ ਏ ਅਤੇ ਜੇਕਰ ਇਸਦੀ ਸਰਕਾਰ ਸਹਿਯੋਗ ਨਹੀਂ ਕਰੇਗੀ, ਤਾਂ ਇਸਦਾ ਵਿਕਾਸ ਰੁਕ ਜਾਵੇਗਾ ਅਤੇ ਇਸਦਾ ਦੇਸ਼ 'ਤੇ ਵੀ ਅਸਰ ਪਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ MSP ਵਧਾਉਣ, ਔਰਤਾਂ ਨੂੰ ਮਾਲੀ ਸਹਾਇਤਾ ਅਤੇ

ਹੋਰਾਂ ਲਈ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ ਏ ।

---------------------------------------------------------------------------------------

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ 21 ਮਾਰਚ ਨੂੰ ਪੰਜਾਬ ਵਿਧਾਨ ਸਭਾ ਦਾ ਅੱਠਵਾਂ ਬਜਟ ਸੈਸ਼ਨ ਸੱਦਿਆ ਏ। ਰਾਜਪਾਲ ਦੇ ਭਾਸ਼ਣ ਨਾਲ 11 ਵਜੇ ਬਜਟ ਇਜਲਾਸ ਸ਼ੁਰੂ ਹੋਵੇਗਾ । ਇਹ ਵਿਧਾਨ ਸਭਾ ਦਾ ਅਠਵਾਂ ਬਜਟ ਇਜਲਾਸ ਹੋਵੇਗਾ।

---------------------------------------------------------------------------------------

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਏ ਕਿ ਉਹ ਸੂਬੇ ਦੀ ਨਸ਼ਾ ਵਿਰੋਧੀ ਮੁਹਿੰਮ, 'ਯੁੱਧ ਨਸ਼ਿਆ ਵਿਰੁੱਧ' ਵਿੱਚ ਸ਼ਾਮਲ ਹੋਣ, ਜਿਸ ਨੂੰ ਵਿਆਪਕ ਜਨਤਕ ਹਿੱਸੇਦਾਰੀ ਰਾਹੀਂ ਇੱਕ ਲੋਕ ਲਹਿਰ ਬਣਾਇਆ ਜਾਵੇ। ਜਲੰਧਰ ਦੇ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਵਿਖੇ ਨਸ਼ਾ ਛੁਡਾਊ ਕੇਂਦਰ ਦੇ ਨਿਰੀਖਣ ਦੌਰਾਨ, ਉਨ੍ਹਾਂ ਨੇ ਸਮਾਜ ਵਿੱਚੋਂ ਨਸ਼ਿਆਂ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ ਸਿਹਤ, ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੂੰ ਸ਼ਾਮਲ ਕਰਕੇ ਇੱਕ ਬਹੁ-ਪੱਖੀ ਪਹੁੰਚ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਮੀਡੀਆ ਨੂੰ ਸੰਬੋਧਨ ਕਰਦਿਆਂ, ਡਾ. ਸਿੰਘ ਨੇ ਖੁਲਾਸਾ ਕੀਤਾ ਕਿ ਪੰਜਾਬ ਸਰਕਾਰ ਮੁਹੱਲਾ

ਅਤੇ ਪਿੰਡ ਪੱਧਰ 'ਤੇ ਨਾਰਕੋਟਿਕਸ ਸਹਾਇਤਾ ਸਮੂਹ ਕਾਇਮ ਕਰੇਗੀ। ਇਹ ਸਮੂਹ ਉਨ੍ਹਾਂ ਵਿਅਕਤੀਆਂ ਦੀ ਸਹਾਇਤਾ ਕਰਨਗੇ ਜਿਨ੍ਹਾਂ ਨੇ ਸਫਲਤਾ ਨਾਲ, ਇਹ ਯਕੀਨੀ ਬਣਾਉਂਦਿਆਂ ਨਸ਼ਿਆਂ ‘ਤੇ ਕਾਬੂ ਪਾ ਲਿਆ ਏ ਕਿ ਉਹ ਦੁਬਾਰਾ ਨਾ ਆਉਣ। ਇਸ ਪਹਿਲਕਦਮੀ ਵਿੱਚ ਸਲਾਹ, ਹੁਨਰ ਵਿਕਾਸ ਸਿਖਲਾਈ ਅਤੇ ਰੁਜ਼ਗਾਰ ਸੰਬੰਧੀ ਮਦਦ ਸ਼ਾਮਲ ਹੋਵੇਗੀ। ਮੰਤਰੀ ਨੇ ਪਹਿਲੀ ਵਾਰ ਦੇ ਨਸ਼ਾ ਅਪਰਾਧੀਆਂ ਨੂੰ ਨਸ਼ਾ ਛੁਡਾਊ ਪ੍ਰੋਗਰਾਮਾਂ ਵਿੱਚ ਸ਼ਾਮਲ ਕਰਕੇ, ਉਨ੍ਹਾਂ ਨੂੰ ਸਮਾਜ ਵਿੱਚ ਮੁੜ ਜੁੜਨ ਵਿੱਚ ਮਦਦ ਕਰਕੇ, ਜੇਲ੍ਹਾਂ ਵਿੱਚ ਮੁੜ ਵਸੇਬੇ ਦੀਆਂ ਯੋਜਨਾਵਾਂ ਦੀ ਰੂਪਰੇਖਾ ਵੀ ਦਿੱਤੀ। ਇਸ ਤੋਂ ਇਲਾਵਾ, ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਦੀ ਵਰਤੋਂ ਵਿੱਚ ਪੈਣ ਤੋਂ ਰੋਕਣ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਨਸ਼ਾ ਜਾਗਰੂਕਤਾ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਆਪਣੀ ਯਾਤਰਾ ਦੌਰਾਨ, ਡਾ. ਬਲਬੀਰ ਸਿੰਘ ਨੇ ਨਸ਼ਾ ਛੁਡਾਊ ਕੇਂਦਰ ਵਿੱਚ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਦੂਜਿਆਂ ਨੂੰ ਵੀ ਪ੍ਰੇਰਿਤ ਕਰਨ ਲਈ ਉਤਸ਼ਾਹਿਤ ਕੀਤਾ।

---------------------------------------------------------------------------------

ਸਰਹੱਦੀ ਸੁਰੱਖਿਆ ਬਲ (BSF) ਨੇ ਅੱਜ ਸਵੇਰੇ ਜ਼ਿਲ੍ਹਾ ਫਾਜ਼ਿਲਕਾ ਦੇ

ਪਿੰਡ ਢਾਣੀ ਨੱਥਾ ਸਿੰਘ ਵਾਲਾ ਦੇ ਨਾਲ ਲੱਗਦੇ ਇਕ ਖੇਤ ਵਿੱਚੋਂ 5 ਕਿੱਲੋ ਤੋਂ ਵੱਧ ਵਜ਼ਨ ਵਾਲੇ ਹੈਰੋਇਨ ਦੇ 10 ਪੈਕੇਟ ਬਰਾਮਦ ਕੀਤੇ ਨੇ। BSF ਸੂਤਰਾਂ ਮੁਤਾਬਕ ਇਹ ਕਾਰਵਾਈ ਖੁਫੀਆ ਸੂਚਨਾ ਦੇ ਆਧਾਰ 'ਤੇ ਕੀਤੀ ਗਈ ਏ। ਦੂਜੇ ਪਾਸੇ, ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਦੋ ਹਵਾਲਾ ਸੰਚਾਲਕਾਂ, ਸੁਖਜੀਤ ਸਿੰਘ ਅਤੇ ਰਣਬੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਏ, ਜੋ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਗੈਰ-ਕਾਨੂੰਨੀ ਵਿੱਤੀ ਲੈਣ-ਦੇਣ ਵਿਚ ਮਦਦ ਕਰ ਰਹੇ ਸਨ। ਦੋਵਾਂ ਦੇ ਕਬਜ਼ੇ ਵਿੱਚੋਂ 17,60,000 ਰੁਪਏ, 4000 ਅਮਰੀਕੀ ਡਾਲਰ ਅਤੇ ਲੈਣ-ਦੇਣ ਰਿਕਾਰਡ ਵਾਲਾ ਲੈਪਟਾਪ ਜ਼ਬਤ ਕੀਤਾ ਗਿਆ ਏ। ਇਹ ਗ੍ਰਿਫ਼ਤਾਰੀਆਂ ਘਰਿੰਡਾ ਵਿਚ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਪਿੱਛੇ ਜਿਹੇ ਜ਼ਬਤ ਕੀਤੀ ਗਈ ਹੈਰੋਇਨ ਦੀ ਚੱਲ ਰਹੀ ਜਾਂਚ ਦਾ ਹਿੱਸਾ ਨੇ, ਜਿੱਥੇ ਮੁਲਜ਼ਮਾਂ ਨੇ ਹਵਾਲਾ, ਵਿੱਤ ਅਤੇ ਹੋਰ ਡਰੱਗ ਸਪਲਾਈ ਕੜੀਆਂ ਨਾਲ ਆਪਣੇ ਸਬੰਧਾਂ ਬਾਰੇ ਕਬੂਲਿਆ ਸੀ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਏ ਕਿ ਜਦੋਂ ਵੀ ਭਾਰਤ ਸ਼ਾਂਤੀ ਦੀ ਗੱਲ ਕਰਦਾ ਏ ਤਾਂ ਦੁਨੀਆ ਉਸ ਨੂੰ ਸੁਣਦੀ ਏ.

- ਪੰਜਾਬ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਬਣਾਉਣ ਦੀ ਵਚਨਬੱਧਤਾ ਪੱਕੀ ਕੀਤੀ .
- ਸੂਬੇ ਭਰ ਵਿਚ ਸੂਬਾ ਸਰਕਾਰ ਦੀ ਨਾਕਾਮਯਾਬੀ ਖਿਲਾਫ਼ ਰੋਸ ਮੁਜ਼ਾਹਰੇ ਵੀ ਹੋਏ. ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਏ ਕਿ ਇਸ ਸਰਕਾਰ ਦੇ ਰਾਜ ਵਿੱਚ ਪੰਜਾਬ 30 ਸਾਲ ਪਿੱਛੇ ਚਲਾ ਗਿਆ ਏ ।
- ਕੇਂਦਰੀ ਕੱਪੜਾ ਮੰਤਰੀ ਗਿਰੀਰਾਜ ਸਿੰਘ ਨੇ ਪੰਜਾਬ ਸਰਕਾਰ 'ਤੇ ਇਲ੍ਜ਼ਾਮ ਲਾਇਆ ਏ ਕਿ ਇਹ ਲੁਧਿਆਣਾ ਵਿੱਚ ਟੈਕਸਟਾਈਲ ਸਨਅਤ ਦਾ ਪੱਖ ਨਹੀਂ ਲੈ ਰਹੀ ਕਿਉਂਕਿ ਇਸ ਲਈ ਸੂਬਾ ਸਰਕਾਰ ਦੀ ਕੋਈ ਅਨੁਕੂਲ ਨੀਤੀ ਨਹੀਂ ਏ ।
- ਸਰਹੱਦੀ ਸੁਰੱਖਿਆ ਬਲ ਨੇ ਅੱਜ ਫਾਜ਼ਿਲਕਾ ਤੋਂ 5 ਕਿੱਲੋ ਤੋਂ ਵੱਧ ਵਜ਼ਨ ਵਾਲੇ ਹੈਰੋਇਨ ਦੇ 10 ਪੈਕੇਟ ਬਰਾਮਦ ਕੀਤੇ ਨੇ।